SBS

# Media Release

5 October 2021




## ਐਸ ਬੀ ਐਸ ਨੂੰ ਆਪਣੇ ਰੇਡੀਓ ਅਤੇ ਭਾਸ਼ਾ ਸੇਵਾਵਾਂ ਦੇ ਭਵਿੱਖ ਨੂੰ ਦਿਸ਼ਾ ਦੇਣ ਲਈ ਭਾਈਚਾਰੇ ਤੋਂ ਸਲਾਹ-ਮਸ਼ਵਰੇ ਦੀ ਲੋੜ

ਸਮਕਾਲੀ ਆਸਟ੍ਰੇਲੀਆ ਦੀਆਂ ਜ਼ਰੂਰਤਾਂ ਉੱਤੇ ਖ਼ਰਾ ਉੱਤਰਨ ਅਤੇ ਐਸ ਬੀ ਐਸ ਦੀ ਅਗਾਂਹਵਧੂ ਨੀਤੀ ਨੂੰ ਜਾਰੀ ਰੱਖਣ ਦੀ ਵਚਨਬੱਧਤਾ ਦੇ ਹਿੱਸੇ ਵਜੋਂ, ਐਸ ਬੀ ਐਸ ਨੇ ਐਸ ਬੀ ਐਸ ਰੇਡੀਓ ਦੁਆਰਾ ਦਿੱਤੀਆਂ ਜਾਂਦੀਆਂ ਆਪਣੀਆਂ ਭਾਸ਼ਾ ਸੇਵਾਵਾਂ ਦੀ ਨਿਯਮਤ ਸਮੀਖਿਆ ਸ਼ੁਰੂ ਕਰਦਿਆਂ ਆਪਣੇ ਚੋਣ ਮਾਪਦੰਡਾਂ ਉੱਤੇ ਫੀਡਬੈਕ ਲੈਣ ਲਈ ਜਨਤਕ ਸਲਾਹ-ਮਸ਼ਵਰਾ ਖੋਲ੍ਹਿਆ ਹੈ।

ਐਸ ਬੀ ਐਸ ਲੈਂਗੁਏਜ ਸਰਵਿਸਿਜ਼ ਰਿਵਿਊ ਰਾਸ਼ਟਰੀ ਮਰਦਮਸ਼ੁਮਾਰੀ ਦੇ ਅਨੁਸਾਰ ਹਰ ਪੰਜ ਸਾਲ ਬਾਅਦ ਕੀਤੀ ਜਾਣ ਵਾਲੀ ਇੱਕ ਪ੍ਰਕਿਰਿਆ ਹੈ ਜੋ ਨਿਸ਼ਚਿਤ ਬਣਾਉਂਦੀ ਹੈ ਕਿ ਐਸ ਬੀ ਐਸ ਰੇਡੀਓ ਦੀਆਂ ਸੇਵਾਵਾਂ ਆਸਟ੍ਰੇਲੀਆ ਦੇ ਤੇਜ਼ੀ ਨਾਲ ਬਦਲਦੇ ਅਤੇ ਵਖਰੇਵੇਂ ਵਾਲ਼ੇ ਸਮਾਜ ਨੂੰ ਦਰਸਾਉਂਦੀਆਂ ਹੋਣ। ਚੋਣ ਮਾਪਦੰਡ 2021 ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਉੱਤੇ ਅਧਾਰਿਤ ਹੋਣਗੇ ਜੋ ਦੱਸਣਗੇ ਕਿ ਕਿਹੜੀਆਂ ਭਾਸ਼ਾ ਸੇਵਾਵਾਂ ਹੋਣਗੀਆਂ ਅਤੇ ਅਗਲੇ ਪੰਜ ਸਾਲਾਂ ਲਈ ਉਨ੍ਹਾਂ ਨੂੰ ਲੋਕਾਂ ਤੱਕ ਕਿਵੇਂ ਪੰਹੁਚਦਾ ਕੀਤਾ ਜਾਵੇਗਾ।

ਭਾਸ਼ਾ ਸੇਵਾਵਾਂ ਦੀ ਸਮੀਖਿਆ ਵਿੱਚ ਐਸ ਬੀ ਐਸ ਦੀ ਆਡੀਓ ਅਤੇ ਭਾਸ਼ਾ ਪੇਸ਼ਕਸ਼ ਸ਼ਾਮਲ ਹੈ ਜਿਸ ਵਿੱਚ ਰੇਡੀਓ, ਐਸ ਬੀ ਐਸ ਆਨ ਡਿਮਾਂਡ, ਪੋਡਕਾਸਟਿੰਗ ਅਤੇ ਹੋਰ ਡਿਜੀਟਲ ਪਲੇਟਫਾਰਮ ਸ਼ਾਮਲ ਹਨ।

ਛੇ ਹਫਤਿਆਂ ਦਾ ਜਨਤਕ ਸਲਾਹ-ਮਸ਼ਵਰਾ, ਜੋ ਅੱਜ ਤੋਂ ਸ਼ੁਰੂ ਹੈ ਤੇ 12 ਨਵੰਬਰ 2021 ਨੂੰ ਸਮਾਪਤ ਹੋਵੇਗਾ, ਭਾਈਚਾਰਿਆਂ ਲਈ ਐਸ ਬੀ ਐਸ ਰੇਡੀਓ ਸੇਵਾਵਾਂ ਅਤੇ ਨੈਟਵਰਕ ਦੀ ਵਿਆਪਕ ਆਡੀਓ ਅਤੇ ਭਾਸ਼ਾ ਪੇਸ਼ਕਾਰੀ ਵਿੱਚ ਯੋਗਦਾਨ ਪਾਉਣ ਦਾ ਇੱਕ ਮਹੱਤਵਪੂਰਣ ਮੌਕਾ ਹੈ ਜਿਸ ਤਹਿਤ ਅੰਤਿਮ ਚੋਣ ਮਾਪਦੰਡ ਨਿਰਧਾਰਿਤ ਕਰਨ ਲਈ ਇਹ ਸਾਰੇ ਫੀਡਬੈਕ ਵਰਤੇ ਜਾਣਗੇ।

ਐਸ ਬੀ ਐਸ ਦੇ ਆਡੀਓ ਅਤੇ ਭਾਸ਼ਾ ਸਮਗਰੀ ਦੇ ਡਾਇਰੈਕਟਰ, ਡੇਵਿਡ ਹੁਆ ਨੇ ਕਿਹਾ, "ਐਸ ਬੀ ਐਸ ਕੋਲ ਆਸਟ੍ਰੇਲੀਆ ਦੇ ਵੱਖੋ-ਵੱਖਰੇ ਭਾਈਚਾਰਿਆਂ ਨਾਲ ਆਪਣੀਆਂ ਬਹੁਭਾਸ਼ਾਈ ਸੇਵਾਵਾਂ ਦੁਆਰਾ, ਬਹੁਤ ਸਾਰੇ ਮੁੱਦਿਆਂ ਉੱਤੇ ਪਹੁੰਚ ਬਣਾਉਣ ਅਤੇ ਉਨ੍ਹਾਂ ਨਾਲ ਜੁੜਨ ਦੀ ਵਿਲੱਖਣ ਯੋਗਤਾ ਹੈ। 45 ਸਾਲਾਂ ਤੋਂ ਵੀ ਵੱਧ ਸਮੇਂ ਤੋਂ, ਅਸੀਂ ਸਮਾਜ ਨੂੰ ਨਵੀਆਂ ਅਤੇ ਅਰਥਪੂਰਨ ਸੇਵਾਵਾਂ ਪ੍ਰਦਾਨ ਕਰਨ ਦੇ ਅਨੁਕੂਲ ਤਰੀਕੇ ਵਰਤ ਰਹੇ ਹਾਂ ਜਿਸ ਤਹਿਤ ਅੱਜ ਅਸੀਂ 60 ਤੋਂ ਵੀ ਵੱਧ ਭਾਸ਼ਾਵਾਂ ਵਿੱਚ ਰੇਡੀਓ, ਔਨਲਾਈਨ, ਪੋਡਕਾਸਟਾਂ ਅਤੇ

ਐਪਸ ਰਾਹੀਂ ਸੇਵਾਵਾਂ ਦੇ ਰਹੇ ਹਾਂ। ਇਹ ਸਮੀਖਿਆ ਐਸ ਬੀ ਐਸ ਨੂੰ ਆਕਾਰ ਦੇਣ ਵਿੱਚ ਸਹਾਇਤਾ ਕਰੇਗੀ ਜਦਕਿ ਅਸੀਂ ਆਪਣੀਆਂ ਸੇਵਾਵਾਂ ਦੇ 50ਵੇਂ ਸਾਲ ਵੱਲ ਵਧ ਰਹੇ ਹਾਂ।"

"ਐਸ ਬੀ ਐਸ ਦੀਆਂ ਬਹੁਭਾਸ਼ਾਈ ਸੇਵਾਵਾਂ ਦੀ ਮਹੱਤਵਪੂਰਣ ਭੂਮਿਕਾ ਨੂੰ ਕੋਵਿਡ-19 ਮਹਾਂਮਾਰੀ ਦੇ ਦੌਰਾਨ ਵੀ ਦਰਸਾਇਆ ਗਿਆ ਹੈ ਜਿਸਦੇ ਚਲਦਿਆਂ ਸਮਾਜ ਨੂੰ ਉਨ੍ਹਾਂ ਦੀ ਪਸੰਦੀਦਾ ਭਾਸ਼ਾ ਵਿੱਚ ਮਹੱਤਵਪੂਰਣ ਅਪਡੇਟ ਅਤੇ ਸਿਹਤ ਜਾਣਕਾਰੀ ਮੁਹਈਆ ਕੀਤੀ ਜਾ ਰਹੀ ਹੈ। ਭਾਸ਼ਾ ਸੇਵਾਵਾਂ ਦੀ ਸਮੀਖਿਆ ਇਹ ਨਿਸ਼ਚਿਤ ਬਣਾਉਣ ਦਾ ਮਹੱਤਵਪੂਰਣ ਮੌਕਾ ਹੈ ਜਿਸ ਤਹਿਤ ਅਸੀਂ ਅੱਜ ਦੇ ਆਸਟ੍ਰੇਲੀਆ ਵਿੱਚ ਭਾਈਚਾਰਿਆਂ ਦੀਆਂ ਜ਼ਰੂਰਤਾਂ ਨੂੰ ਪ੍ਰਤੀਬਿੰਬਤ ਕਰਦੇ ਹਾਂ।

"ਸਾਡੀ ਭਾਸ਼ਾ ਪੇਸ਼ਕਸ਼ ਨੂੰ ਨਿਯਮਤ ਰੂਪ ਵਿੱਚ ਅਪਡੇਟ ਕਰਨ ਨਾਲ ਐਸ ਬੀ ਐਸ ਸਭਿਆਚਾਰਕ ਅਤੇ ਭਾਸ਼ਾਈ ਤੌਰ ਉੱਤੇ ਵਿਭਿੰਨ ਪਿਛੋਕੜ ਵਾਲੇ ਵੱਡੇ ਭਾਈਚਾਰਿਆਂ ਦੀ ਬਿਹਤਰ ਸੇਵਾ ਦੇ ਨਾਲ਼-ਨਾਲ਼ ਉੱਭਰ ਰਹੇ ਅਤੇ ਉੱਚ-ਲੋੜਾਂ ਵਾਲੇ ਭਾਈਚਾਰਿਆਂ ਨੂੰ ਸੇਵਾਵਾਂ ਦੀ ਪੇਸ਼ਕਸ਼ ਕਰਦਾ ਹੈ। ਇਸ ਪ੍ਰਕਿਰਿਆ ਵਿੱਚ ਸਾਡੇ ਦਰਸ਼ਕਾਂ ਨੂੰ ਆਵਾਜ਼ ਦੇਣਾ ਇੱਕ ਮਹੱਤਵਪੂਰਣ ਤੱਤ ਹੈ ਜਿਸਦੇ ਚਲਦਿਆਂ ਅਸੀਂ ਆਸਟ੍ਰੇਲੀਆ ਭਰ ਤੋਂ ਭਾਈਚਾਰਿਆਂ ਨੂੰ ਵਿਚਾਰ ਸਾਂਝੇ ਕਰਨ ਲਈ ਉਤਸ਼ਾਹਤ ਕਰਦੇ ਹਾਂ।"

ਇਸ ਚੋਣ ਦੇ ਮਾਪਦੰਡ ਨੂੰ ਮਈ 2022 ਤੱਕ ਅੰਤਿਮ ਰੂਪ ਦਿੱਤੇ ਜਾਣੇ ਹਨ ਅਤੇ ਸੋਧੀਆਂ ਹੋਈਆਂ ਐਸ ਬੀ ਐਸ ਭਾਸ਼ਾ ਸੇਵਾਵਾਂ ਨੂੰ 2022 ਦੇ ਅੰਤ ਤੋਂ ਪਹਿਲਾਂ ਲਾਗੂ ਕੀਤਾ ਜਾਣਾ ਹੈ।

ਚੋਣ ਮਾਪਦੰਡਾਂ ਲਈ ਜਨਤਕ ਸਲਾਹ ਦੀ ਮਿਆਦ 5 ਅਕਤੂਬਰ ਤੋਂ 12 ਨਵੰਬਰ 2021 ਤੱਕ ਹੈ। ਇਸ ਖਰੜੇ ਵਿਚਲੇ ਚੋਣ ਮਾਪਦੰਡ ਦੇਖਣ ਅਤੇ ਫੀਡਬੈਕ ਦੇਣ ਲਈ, sbs.com.au/consultation ਉੱਤੇ ਜਾਓ।

ਖ਼ਤਮ

ਵਧੇਰੇ ਜਾਣਕਾਰੀ ਅਤੇ ਇੰਟਰਵਿਊ ਬੇਨਤੀਆਂ ਲਈ ਕਿਰਪਾ ਕਰਕੇ ਸੰਪਰਕ ਕਰੋ:

ਕੇਟ ਵਾਰਨੋਕ | kate.warnock@sbs.com.au | 0419 316 135